# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 26 ਅਪ੍ਰੈਲ 2026 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਇਸਤਰੀ ਵਿੰਗ ਵੱਲੋਂ ਔਰਤਾਂ ਅਤੇ ਬੱਚਿਆਂ ਦੀ ਭਲਾਈ ਲਈ ਵਿਸ਼ੇਸ਼ ਮੁਹਿੰਮ ਦਾ ਐਲਾਨ

### ਔਰਤਾਂ ਦੇ ਸਾਹਮਣੇ ਆਉਣ ਵਾਲੇ ਮੁੱਦੇ ਗੁੰਝਲਦਾਰ ਅਤੇ ਬਹੁਪੱਖੀ ਹਨ, ਜਿਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਇਸਤਰੀ ਵਿੰਗ ਠੋਸ ਯਤਨ ਕਰੇਗਾ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ



ਅੰਮ੍ਰਿਤਸਰ – 26 ਅਪ੍ਰੈਲ : ਅੱਜ ਦੇ ਸਮੇਂ ਵਿੱਚ ਔਰਤਾਂ ਨੂੰ ਆਰਥਿਕ ਅਸਮਾਨਤਾ, ਹਿੰਸਾ, ਅਤੇ ਸਿੱਖਿਆ ਦੇ ਨਾਲ-ਨਾਲ ਸਿਹਤ ਸੰਭਾਲ ਸਮੇਤ ਬਹੁਤ ਸਾਰੇ ਗੰਭੀਰ ਮੁੱਦਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲਿੰਗ ਸਮਾਨਤਾ ਅਤੇ ਸਸ਼ਕਤੀਕਰਨ ਦੀ ਲੜਾਈ ਵਿੱਚ ਔਰਤਾਂ ਦੇ ਅਧਿਕਾਰਾਂ, ਆਰਥਿਕ ਬਰਾਬਰੀ, ਅਤੇ ਸਿੱਖਿਆ ਤੇ ਸਿਹਤ ਸੰਭਾਲ ਤੱਕ ਪਹੁੰਚ ਦੀ ਵਕਾਲਤ ਕਰਨੀ ਸਮੇਂ ਦੀ ਮੁੱਖ ਲੋੜ ਹੈ। ਇਸ ਦੇ ਨਾਲ ਹੀ, ਅੱਜ ਸਾਡੇ ਬੱਚਿਆਂ ਨੂੰ ਵੀ ਗਰੀਬੀ, ਮਾਨਸਿਕ ਸਿਹਤ ਚੁਣੌਤੀਆਂ ਅਤੇ ਭੋਜਨ ਦੀ ਅਸੁਰੱਖਿਆ ਵਰਗੇ ਮੁੱਦਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਉਹਨਾਂ ਦੀ ਭਲਾਈ ਅਤੇ ਸਰਬਪੱਖੀ ਵਿਕਾਸ ਨੂੰ ਡੂੰਘਾ ਪ੍ਰਭਾਵਤ ਕਰਦੇ ਹਨ।

ਇਨ੍ਹਾਂ ਸਾਰੇ ਗੰਭੀਰ ਵਿਸ਼ਿਆਂ ਉੱਪਰ ਅੱਜ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਇਸਤਰੀ ਵਿੰਗ ਵੱਲੋਂ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੀ ਦਿਹਾਤੀ ਪ੍ਰਧਾਨ ਬੀਬੀ ਮਨਦੀਪ ਕੌਰ ਅਤੇ ਇਸਤਰੀ ਵਿੰਗ ਦੇ ਪੰਜਾਬ ਜਨਰਲ ਸਕੱਤਰ ਬੀਬੀ ਰਸ਼ਪਿੰਦਰ ਕੌਰ ਗਿੱਲ ਨੇ ਇਨ੍ਹਾਂ ਮੁੱਦਿਆਂ 'ਤੇ ਬਹੁਤ ਸੰਜੀਦਗੀ ਨਾਲ ਵਿਚਾਰ-ਵਟਾਂਦਰਾ ਕੀਤਾ।

ਜ਼ਿਲ੍ਹਾ ਪੱਧਰੀ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ:
ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਕਿ ਜ਼ਿਲ੍ਹਾ ਪੱਧਰ 'ਤੇ ਔਰਤਾਂ ਅਤੇ ਬੱਚਿਆਂ ਦੀ ਭਲਾਈ ਲਈ ਇੱਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਇਸ ਮੁਹਿੰਮ ਰਾਹੀਂ ਅੰਮ੍ਰਿਤਸਰ ਜ਼ਿਲ੍ਹੇ ਦੇ ਹਰ ਪਿੰਡ-ਪਿੰਡ ਵਿੱਚ ਪਹੁੰਚ ਕਰਕੇ ਔਰਤਾਂ ਅਤੇ ਬੱਚਿਆਂ ਦੀ ਭਲਾਈ ਅਤੇ ਜਾਗਰੂਕਤਾ ਲਈ ਵਿਸ਼ੇਸ਼ ਕੈਂਪ ਲਗਾਏ ਜਾਣਗੇ ਤਾਂ ਜੋ ਉਹਨਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਸੁਚੇਤ ਕੀਤਾ ਜਾ ਸਕੇ।

ਇਸ ਅਹਿਮ ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਚਿਲਡਰਨ ਵਿੰਗ ਦੀ ਪ੍ਰਧਾਨ ਮਨਜਾਪ ਕੌਰ ਗਿੱਲ, ਚਿਲਡਰਨ ਵਿੰਗ ਦੇ ਮੈਂਬਰ ਕਾਕਾ ਸਿਮਰਜੀਤ ਸਿੰਘ ਅਤੇ ਬੀਬੀ ਸੋਮਾ ਵੀ ਉਚੇਚੇ ਤੌਰ 'ਤੇ ਹਾਜ਼ਰ ਰਹੇ ਅਤੇ ਆਪਣੇ ਵਿਚਾਰ ਸਾਂਝੇ ਕੀਤੇ।

## ਭਾਸ਼ਾ ਵਿਭਾਗ ਪੰਜਾਬ ਦੀ 'ਪ੍ਰੀਤ ਨਗਰ ਯਾਤਰਾ' ਰਵਾਨਾ

### ਵੱਡੀ ਗਿਣਤੀ 'ਚ ਸਾਹਿਤਕਾਰ ਤੇ ਸਾਹਿਤ ਰਸੀਏ ਸ਼ਾਮਲ ਹੋਏ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 26 ਅਪ੍ਰੈਲ:ਪੰਜਾਬ ਸਰਕਾਰ ਦੀ ਸਰਪ੍ਰਸਤੀ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਉੱਘੇ ਸਰਬਾਂਗੀ ਸਾਹਿਤਕਾਰ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਜਨਮ ਦਿਨ ਮੌਕੇ ਆਯੋਜਤ ਕੀਤੀ ਗਈ 'ਪ੍ਰੀਤ ਨਗਰ ਯਾਤਰਾ' ਅੱਜ ਇੱਥੋਂ ਭਾਸ਼ਾ ਭਵਨ ਤੋਂ ਰਵਾਨਾ ਹੋ ਗਈ ਹੈ। ਇਸ ਇੱਕ ਦਿਨ ਯਾਤਰਾ 'ਚ ਵੱਡੀ ਗਿਣਤੀ 'ਚ ਸਾਹਿਤਕਾਰ, ਰੰਗਕਰਮੀ ਤੇ ਸਾਹਿਤ ਰਸੀਏ ਸ਼ਾਮਲ ਹੋਏ ਹਨ। ਇਸ ਯਾਤਰਾ ਲਈ ਇੱਕ ਬੱਸ ਪਟਿਆਲਾ ਤੋਂ ਸਰਹੰਦ, ਖੰਨਾ, ਲੁਧਿਆਣਾ ਤੇ ਜਲੰਧਰ ਹੁੰਦੀ ਹੋਈ ਅਤੇ ਦੂਸਰੀ ਬੱਸ ਮਾਨਸਾ ਤੋਂ ਬਠਿੰਡਾ, ਫ਼ਰੀਦਕੋਟ ਹੁੰਦੀ ਹੋਈ ਪ੍ਰੀਤ ਨਗਰ (ਅੰਮ੍ਰਿਤਸਰ) ਪਹੁੰਚੇਗੀ। ਦੋਨੋਂ ਬੱਸਾਂ 'ਚ ਵੱਖ-ਵੱਖ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਤੋਂ ਸਾਹਿਤਕਾਰ ਤੇ ਸਾਹਿਤ ਰਸੀਏ ਸ਼ਾਮਲ ਹੋਣਗੇ।

'ਪ੍ਰੀਤ ਨਗਰ ਯਾਤਰਾ' ਦੀ ਰਵਾਨਗੀ ਸਮੇਂ ਡਾਇਰੈਕਟਰ ਭਾਸ਼ਾਵਾਂ ਨੇ ਦੱਸਿਆ ਕਿ ਇਸ ਯਾਤਰਾ 'ਚ ਸੂਬੇ ਭਰ 'ਚੋਂ ਸੌ ਤੋਂ ਵਧੇਰੇ ਸਾਹਿਤਕਾਰ ਪ੍ਰੀਤ ਨਗਰ ਪਹੁੰਚਣਗੇ ਅਤੇ ਇਨ੍ਹਾਂ ਦਾ ਸਵਾਗਤ ਕਰਨ ਲਈ ਮਾਝੇ ਦੇ ਸਾਹਿਤਕਾਰ ਪਹਿਲਾ ਹੀ ਮੌਜੂਦ ਹੋਣਗੇ। ਉਨ੍ਹਾਂ ਦੱਸਿਆ ਕਿ ਪ੍ਰੀਤ ਨਗਰ ਵਿਖੇ ਸ. ਪ੍ਰੀਤਲੜੀ ਨਾਲ ਜੁੜੀਆਂ ਵੱਖ-ਵੱਖ ਥਾਵਾਂ ਦੇ ਦਰਸ਼ਨ ਕਰਨ ਉਪਰੰਤ ਆਡੀਟੋਰੀਅਮ ਵਿਖੇ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਜਿਸ ਦੌਰਾਨ ਸ. ਪ੍ਰੀਤਲੜੀ ਦੇ ਸਪੁੱਤਰ ਸ. ਹਿਰਦੇਪਾਲ ਸਿੰਘ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਉਣਗੇ ਅਤੇ ਡਾ. ਹਰਭਜਨ ਸਿੰਘ ਭਾਟੀਆ ਉਨ੍ਹਾਂ ਦੀਆਂ ਲਿਖਤਾਂ ਬਾਰੇ ਜਾਣਕਾਰੀ ਦੇਣਗੇ। ਇਸ ਤੋਂ ਇਲਾਵਾ ਉੱਘੇ ਨਾਟਕਕਾਰ ਕੇਵਲ ਧਾਲੀਵਾਲ ਵੱਲੋਂ ਤਿਆਰ ਕੀਤੀ ਪ੍ਰੀਤ ਨਗਰ ਬਾਰੇ ਦਸਤਾਵੇਜੀ ਫਿਲਮ 'ਸੁਪਨਿਆਂ ਦੀ ਧਰਤੀ' ਵਿਖਾਈ ਜਾਵੇਗੀ। ਇਸ ਯਾਤਰਾ 'ਚ ਡਾ. ਲਕਸ਼ਮੀ ਨਰਾਇਣ ਭੀਖੀ, ਕਮਲਜੀਤ ਨੀਲੋਂ, ਡਾ. ਬਲਵੀਰ ਕੌਰ ਪੰਧੇਰ, ਰਾਜੇਸ਼ ਸ਼ਰਮਾ, ਬਲਜਿੰਦਰ ਮਾਨ, ਰਵਿੰਦਰ ਚੋਟ, ਹਰਪ੍ਰੀਤ ਰਾਣਾ, ਅੰਗਰੇਜ ਸਿੰਘ, ਅਵਤਾਰਜੀਤ ਸਿੰਘ, ਭਾਸ਼ੋ, ਡਾ. ਵੀਰਪਾਲ ਕੌਰ, ਪ੍ਰੀਤਮ ਸਿੰਘ ਜੌਹਲ, ਜਸਵੀਰ ਝੱਜ, ਗੁਰਿੰਦਰ ਗੈਰੀ, ਕਰਨੈਲ ਸਿੰਘ ਵਜ਼ੀਰਾਬਾਦੀ, ਗੁਰਚਰਨ ਕੌਰ ਕੋਚਰ, ਸੰਤ ਸਿੰਘ ਸੋਹਲ, ਅੰਮ੍ਰਿਤਪਾਲ ਕੌਰ, ਰਾਜਪਾਲ ਕੌਰ, ਬਲਵਿੰਦਰ ਭੱਟੀ, ਰਿਪਨਜੋਤ ਬੱਗਾ ਸੋਨੀ, ਅਨਿਲ ਕੁਮਾਰ ਗੋਇਲ, ਭੁਪਿੰਦਰਪ੍ਰੀਤ ਸਿੰਘ, ਸਰਬਜੀਤ ਗਿੱਲ, ਸੁਨੀਤਾ ਸਨੂ ਆਦਿ ਸ਼ਾਮਲ ਹਨ। ਇਸ ਯਾਤਰਾ ਦੇ ਪ੍ਰਬੰਧ ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਖੋਜ ਅਫ਼ਸਰ ਡਾ. ਸੰਤੋਖ ਸੁੱਖੀ, ਡਾ. ਸੁਖਦਰਸ਼ਨ ਸਿੰਘ ਚਹਿਲ, ਸਤਪਾਲ ਸਿੰਘ ਚਹਿਲ, ਡਾ. ਮਨਜਿੰਦਰ ਸਿੰਘ, ਖੋਜ ਸਹਾਇਕ ਹਰਪ੍ਰੀਤ ਸਿੰਘ, ਅਰੁਨ ਕੁਮਾਰ, ਤਰਲੋਕ ਨੇਗੀ, ਰਾਜਵਿੰਦਰ ਸਿੰਘ ਤੇ ਅਨਮੋਲ ਆਦਿ ਕਰ ਰਹੇ ਹਨ।

ਤਸਵੀਰ: ਪ੍ਰੀਤ ਨਗਰ ਯਾਤਰਾ 'ਚ ਸ਼ਾਮਲ ਸਾਹਿਤਕਾਰ ਤੇ ਸਾਹਿਤ ਰਸੀਏ ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨਾਲ।

## ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼




ਚੰਡੀਗੜ੍ਹ 26 ਅਪ੍ਰੈਲ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ ਰੋਟਰੀ ਭਵਨ ਮੋਹਾਲੀ ਵਿਖੇ ਹੋਈ ਜਿਸ ਦੇ ਪ੍ਰਧਾਨਗੀ ਮੰਡਲ ਵਿਚ ਡਾ: ਰਜਿੰਦਰ ਰੇਨੂੰ, ਮਨਦੀਪ ਕੌਰ ਸੋਹਲ, ਗੁਰਦਰਸ਼ਨ ਸਿੰਘ ਮਾਵੀ ਅਤੇ ਭਰਪੂਰ ਸਿੰਘ ਸ਼ਾਮਲ ਸਨ।ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਸਭ ਨੂੰ "ਜੀ ਆਇਆਂ" ਆਖਿਆ ਅਤੇ ਕੇਂਦਰ ਦੀਆਂ ਨੇੜ ਭਵਿੱਖੀ ਯੋਜਨਾਵਾਂ ਬਾਰੇ ਦਸਿਆ। ਕਵੀ-ਦਰਬਾਰ ਵਿਚ ਸਭ ਤੋਂ ਪਹਿਲਾਂ ਸੁਧੀਰ ਮੋਤੀ ਨੇ ਹਿੰਦੀ ਵਿਚ ਗਜਲ ਸੁਣਾਈ।ਮਲਕੀਤ ਸਿੰਘ ਨਾਗਰਾ ,ਸਵਰਨਜੀਤ ਸਿੰਘ,ਬਲਵਿੰਦਰ ਸਿੰਘ ਢਿੱਲੋਂ,ਲਾਭ ਸਿੰਘ ਲਹਿਲੀ, ਭਰਪੂਰ ਸਿੰਘ ਨੇ ਪੂਰੇ ਜੋਸ਼ ਨਾਲ ਵੱਖੋ ਵੱਖ ਵੰਨਗੀ ਦੇ ਗੀਤ ਸੁਣਾਏ।ਰਾਜਵਿੰਦਰ ਸਿੰਘ ਗੱਡੂ,ਸਤਿੰਦਰ ਸਿੰਘ ਬੇਦੀ,ਮਨਜੀਤ ਪਾਲ ਸਿੰਘ, ਗੁਰਚਰਨ ਸਿੰਘ,ਹਰਜੀਤ ਸਿੰਘ, ਬਲਕਾਰ ਸਿੰਘ ਸਿੱਧੂ, ਗੁਰਦਰਸ਼ਨ ਸਿੰਘ ਮਾਵੀ, ਮਨਦੀਪ ਕੌਰ ਸੋਹਲ,ਰਜਿੰਦਰ ਰੇਨੂੰ ਨੇ ਸਮਾਜਿਕ ਸਰੋਕਾਰ ਵਾਲੀਆਂ ਕਵਿਤਾਵਾਂ ਪੇਸ਼ ਕੀਤੀਆਂ । ਪਿੰਜੌਰ ਤੋਂ ਪਹੁੰਚੇ ਗੁਰਦਾਸ ਸਿੰਘ ਦਾਸ ਨੇ ਤੂੰਬੀ ਨਾਲ ਪੰਜਾਬ ਬਾਰੇ ਖੂਬਸੂਰਤ ਗੀਤ ਸੁਣਾ ਕੇ ਰੰਗ ਬੰਨ੍ਹਿਆ। ਪ੍ਰਲਾਦ ਸਿੰਘ ਨੇ ਸਾਧੂ ਸਿੰਘ ਹਮਦਰਦ ਅਤੇ ਸੁਖਦੇਵ ਸਿੰਘ ਕਾਹਲੋਂ ਨੇ ਸ਼ਿਵ ਕੁਮਾਰ ਬਟਾਲਵੀ ਦੀ ਗਜ਼ਲ ਅਤੇ ਸਰਬਜੀਤ ਸਿੰਘ ਪੱਡਾ ਨੇ ਬੁਲ੍ਹੇ ਸ਼ਾਹ ਦਾ ਕਲਾਮ ਤਰੰਨੁਮ ਵਿਚ ਪੇਸ਼ ਕੀਤੇ।ਰਜਿੰਦਰ ਰੇਨੂੰ ਨੇ ਪ੍ਰਧਾਨਗੀ ਭਾਸ਼ਣ ਦਿੰਦੇ ਪ੍ਰੋਗਰਾਮ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਅਜਿਹੇ ਪ੍ਰੋਗਰਾਮ ਕਵੀਆਂ ਨੂੰ ਮੰਚ ਪ੍ਰਦਾਨ ਕਰਦੇ ਹਨ ਅਤੇ ਅੱਗੇ ਵਧਾਉਣ ਵਿਚ ਸਹਾਈ ਹੁੰਦੇ ਹਨ।ਗੁਰਦਰਸ਼ਨ ਸਿੰਘ ਮਾਵੀ ਨੇ ਸਭ ਦਾ ਧੰਨਵਾਦ ਕੀਤਾ।ਮੰਚ ਸੰਚਾਲਨ ਭਰਪੂਰ ਸਿੰਘ ਨੇ ਬੜੇ ਸੋਹਜਮਈ ਢੰਗ ਨਾਲ ਕੀਤਾ।ਚਾਹ ਪਾਣੀ ਦੀ ਸੇਵਾ ਦਰਸ਼ਨ ਸਿੰਘ ਸਿੱਧੂ ਨੇ ਆਪਣੇ ਪੋਤੇ ਦੇ ਜਨਮ ਦੀ ਖੁਸ਼ੀ ਵਿਚ ਕੀਤੀ।

## ਵਿਧਾਇਕਾਂ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਨੇ ਵਾਰਡ ਨੰਬਰ 90 ਵਿੱਚ 98 ਲੱਖ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 26 ਅਪ੍ਰੈਲ : ਗੁਣਵੱਤਾ ਵਾਲੇ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਅਤੇ ਜਨਤਾ ਦੀ ਸਹੂਲਤ ਲਈ ਅੱਗੇ ਵਧਦੇ ਹੋਏ, ਲੁਧਿਆਣਾ ਉੱਤਰੀ ਦੇ ਵਿਧਾਇਕ ਮਦਨ ਲਾਲ ਬੱਗਾ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ ਅਤੇ ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਸ਼ਨੀਵਾਰ ਨੂੰ ਵਾਰਡ ਨੰਬਰ 90 ਦੇ ਵੱਖ-ਵੱਖ ਇਲਾਕਿਆਂ ਵਿੱਚ 98 ਲੱਖ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।

ਇਨ੍ਹਾਂ ਪ੍ਰੋਜੈਕਟਾਂ ਵਿੱਚ ਕੇਸਰ ਗੰਜ ਮੰਡੀ ਵਿੱਚ ਲਗਭਗ 50 ਲੱਖ ਰੁਪਏ ਦੀ ਲਾਗਤ ਨਾਲ ਸੜਕਾਂ ਦੀ ਪੁਨਰ ਨਿਰਮਾਣ; ਲਗਭਗ 35 ਲੱਖ ਰੁਪਏ ਦੀ ਲਾਗਤ ਨਾਲ ਟਾਇਰ ਮਾਰਕੀਟ ਵਿੱਚ ਪਾਣੀ ਦੀ ਸਪਲਾਈ ਅਤੇ ਸੀਵਰੇਜ ਪਾਈਪਲਾਈਨ ਵਿਛਾਉਣਾ ਅਤੇ ਲਗਭਗ 13 ਲੱਖ ਰੁਪਏ ਦੀ ਲਾਗਤ ਨਾਲ ਟਾਇਰ ਮਾਰਕੀਟ ਵਿੱਚ ਨਵਾਂ 25 ਐਚ.ਪੀ ਟਿਊਬਵੈੱਲ ਲਗਾਉਣਾ ਸ਼ਾਮਲ ਹੈ।

ਵਿਧਾਇਕ ਬੱਗਾ, ਵਿਧਾਇਕ ਪਰਾਸ਼ਰ, ਸੀਨੀਅਰ ਡਿਪਟੀ ਮੇਅਰ ਪਰਾਸ਼ਰ ਅਤੇ ਡਿਪਟੀ ਮੇਅਰ ਜੌਹਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੰਮ ਕਰਦੇ ਹੋਏ, ਉਹ ਵਸਨੀਕਾਂ ਲਈ ਮਿਆਰੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਅਣਥੱਕ ਮਿਹਨਤ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਕਰੋੜਾਂ ਰੁਪਏ ਦੇ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ ਅਤੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪ੍ਰੋਜੈਕਟਾਂ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਕੰਮਾਂ ਦੀ ਗੁਣਵੱਤਾ ਦੇ ਮਾਮਲੇ ਵਿੱਚ ਕੋਈ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸੀਨੀਅਰ ਡਿਪਟੀ ਮੇਅਰ-ਕਮ-ਕੌਂਸਲਰ (ਵਾਰਡ ਨੰਬਰ 90), ਰਾਕੇਸ਼ ਪਰਾਸ਼ਰ ਨੇ ਅੱਗੇ ਕਿਹਾ ਕਿ ਪ੍ਰਭਾਕਰ ਮੁਹੱਲਾ ਵਿੱਚ ਸੜਕਾਂ ਦੀ ਪੁਨਰ ਨਿਰਮਾਣ ਦਾ ਪ੍ਰੋਜੈਕਟ ਪਹਿਲਾਂ ਹੀ ਚੱਲ ਰਿਹਾ ਹੈ ਅਤੇ ਸ਼ਾਹਪੁਰ ਰੋਡ 'ਤੇ ਸੜਕਾਂ/ਗਲੀਆਂ ਦੇ ਪੁਨਰ ਨਿਰਮਾਣ ਦਾ ਪ੍ਰੋਜੈਕਟ ਵੀ ਜਲਦੀ ਹੀ ਸ਼ੁਰੂ ਹੋਵੇਗਾ।

ਸਤੀਸ਼ ਥਾਪਰ, ਬੌਬੀ ਭੰਡਾਰੀ, ਕ੍ਰਿਸ਼ਨ ਥਾਪਰ, ਦੀਪਕ ਸ਼ਰਮਾ ਦੀਪਾ, ਕੁਲਦੀਪ ਸਿੰਘ, ਅਸ਼ੋਕ ਗੋਇਲ, ਅਜੈ ਜੁਨੇਜਾ, ਰਮੇਸ਼ ਸ਼ਰਮਾ, ਕੁਕੀ ਥਾਪਰ, ਪ੍ਰੇਮਕਾਂਤ, ਯੋਗੇਸ਼ ਬੈਕਟਰ, ਪਰਵੀਨ ਪਿੰਕਾ, ਅਸ਼ਵਨੀ ਕਨੌਂਜੀਆ, ਭੀਮਸੇਨ ਭੀਮਾ, ਗੌਰਵ ਬਾਂਸਲ, ਟਿੰਕੂ ਮਿਗਲਾਨੀ, ਰਣਜੀਤ ਸਿੰਘ, ਵਿਪੁਲ ਭੰਡਾਰੀ, ਮਨੂ ਥਾਪਰ, ਵਿਕਾਸ ਪ੍ਰਭਾਕਰ ਸਮੇਤ ਹੋਰ ਲੋਕ ਉਦਘਾਟਨ ਸਮਾਰੋਹਾਂ ਦੌਰਾਨ ਮੌਜੂਦ ਸਨ।

## ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ: ਸਪੀਕਰ ਸੰਧਵਾਂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 26 ਅਪ੍ਰੈਲ : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਆਮ ਲੋਕਾਂ ਲਈ ਇਕ ਵੱਡੀ ਸਹੂਲਤ ਅਤੇ ਵਰਦਾਨ ਸਾਬਤ ਹੋ ਰਹੀ ਹੈ। ਇਹਨਾ ਸ਼ਬਦਾਂ ਦਾ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਸ ਕੁਲਤਾਰ ਸਿੰਘ ਸੰਧਵਾਂ ਨੇ ਕੋਟਕਪੂਰਾ ਦੇ ਵਾਰਡ ਨੰਬਰ 6 ਤੋਂ ਤੀਰਥ ਯਾਤਰਾ ਲਈ ਰਵਾਨਾ ਹੋ ਰਹੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕੀਤਾ।

ਸਪੀਕਰ ਸ ਸੰਧਵਾਂ ਨੇ ਕਿ ਇਸ ਯੋਜਨਾ ਦਾ ਮਕਸਦ ਸੂਬੇ ਦੇ ਲੋਕਾਂ, ਖ਼ਾਸ ਕਰਕੇ ਮਾਤਾਵਾਂ, ਭੈਣਾਂ ਅਤੇ ਬਜ਼ੁਰਗਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਦਾ ਮੌਕਾ ਦੇਣਾ ਹੈ। ਉਹਨਾ ਕਿਹਾ ਕਿ ਬਹੁਤ ਸਾਰੇ ਪਰਿਵਾਰਕ ਅਤੇ ਰੋਜ਼ਗਾਰਕ ਕਾਰਨਾਂ ਕਰਕੇ ਲੋਕ ਚਾਹ ਕੇ ਵੀ ਧਾਰਮਿਕ ਯਾਤਰਾਵਾਂ ਨਹੀਂ ਕਰ ਸਕਦੇ। ਪੰਜਾਬ ਸਰਕਾਰ ਨੇ ਇਸ ਯੋਜਨਾ ਰਾਹੀਂ ਉਹਨਾਂ ਦੀ ਇਹ ਲੰਬੇ ਸਮੇਂ ਦੀ ਇੱਛਾ ਪੂਰੀ ਕਰਨ ਦਾ ਉਪਰਾਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਦਰਬਾਰ ਸਾਹਿਬ, ਮੰਦਰਾਂ ਅਤੇ ਹੋਰ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਦਾ ਹੈ, ਜਿਸ ਨਾਲ ਉਹ ਆਪਣੀ ਆਤਮਿਕ ਸ਼ਾਂਤੀ ਅਤੇ ਮਨ ਦੀ ਤਸੱਲੀ ਪ੍ਰਾਪਤ ਕਰ ਸਕਦੇ ਹਨ।

ਸਪੀਕਰ ਸ. ਸੰਧਵਾਂ ਨੇ ਅਰਦਾਸ ਕੀਤੀ ਕਿ ਅਕਾਲ ਪੁਰਖ ਸਾਰੇ ਸ਼ਰਧਾਲੂਆਂ ਦੀ ਯਾਤਰਾ ਸੁਖਦ ਅਤੇ ਸਫਲ ਬਣਾਉਣ ਅਤੇ ਉਹ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਚੜ੍ਹਦੀ ਕਲਾ ਨਾਲ ਵਾਪਸ ਪਰਤਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਲੋਕ ਭਲਾਈ ਨੂੰ ਪਹਿਲ ਦੇ ਰਹੀ ਹੈ।

## ਗਠੀਆ ਸਬੰਧੀ ਜਾਗਰੂਕਤਾ ਲਈ ਪੈਦਲ ਮੈਰਾਥਨ ਦਾ ਆਯੋਜਨ

### ਸਪੀਕਰ ਸੰਧਵਾਂ ਨੇ ਹਰੀ ਝੰਡੀ ਦੇ ਕੇ ਕੀਤਾ ਰਵਾਨਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ 26 ਅਪ੍ਰੈਲ ਰੋਟਰੀ ਕਲੱਬ ਕੋਟਕਪੂਰਾ ਵੱਲੋਂ ਅਸਿਸਟੈਂਟ ਗਵਰਨਰ ਜੈਪਾਲ ਸ਼ਰਮਾ ਅਤੇ ਪ੍ਰਧਾਨ ਹਰੀਸ਼ ਗਾਂਧੀ ਦੀ ਰਹਿਨੁਮਾਈ ਹੇਠ ਸਿਵਲ ਹਸਪਤਾਲ ਕੋਟਕਪੂਰਾ ਦੇ ਸਹਿਯੋਗ ਨਾਲ ਗਠੀਆ ਸਬੰਧੀ ਜਾਗਰੂਕਤਾ ਲਈ ਪੈਦਲ ਮੈਰਾਥਨ ਦਾ ਆਯੋਜਨ ਕੀਤਾ ਗਿਆ ਜਿਸ ਨੂੰ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਇਸ ਮੌਕੇ ਸਪੀਕਰ ਸੰਧਵਾਂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਗਠੀਆ ਵਰਗੀ ਬਿਮਾਰੀ ਆਮ ਵੇਖਣ ਨੂੰ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਵੱਡਿਆਂ ਦੇ ਨਾਲ ਨਾਲ ਬੱਚਿਆਂ ਵਿੱਚ ਵੀ ਇਹ ਬਿਮਾਰੀ ਪਨਪ ਰਹੀ ਹੈ ਕਿਉਂਕਿ ਉਹ ਜਿਆਦਾ ਸਮੇਂ ਤੱਕ ਏ.ਸੀ. ਵਿੱਚ ਰਹਿੰਦੇ ਹਨ, ਵੀਡੀਓ ਗੇਮਾਂ ਲਗਾਤਾਰ ਖੇਡਦੇ ਹਨ ਅਤੇ ਕਸਰਤ ਨਹੀਂ ਕਰਦੇ। ਉਨ੍ਹਾਂ ਅੱਜ ਦੇ ਮੈਰਾਥਨ ਲਈ ਆਯੋਜਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੀ ਉਪਰਾਲੇ ਕੀਤੇ ਜਾਂਦੇ ਰਹਿਣੇ ਚਾਹੀਦੇ ਹਨ ਕਿਉਂਕਿ ਪੈਦਲ ਚੱਲਣਾ ਬਹੁਤ ਲਾਹੇਵੰਦ ਹੈ। ਉਨ੍ਹਾਂ ਕਿਹਾ ਕਿ ਸਵੇਰ ਦੀ ਸੈਰ ਨੂੰ ਉਤਸ਼ਾਹਿਤ ਕਰਨ ਲਈ ਇਸ ਮੈਰਾਥਨ ਦਾ ਆਯੋਜਨ ਕੀਤਾ ਗਿਆ ਹੈ।

ਇਸ ਮੌਕੇ ਵੇਦ ਪ੍ਰਕਾਸ਼ ਅਰੋੜਾ, ਸੰਦੀਪ ਥਾਪਰ, ਡਾ. ਹਰਜੀਤ ਕੌਰ ਰਾਮਪੁਰਾ, ਕੋਟਕਪੂਰਾ ਸਾਈਕਲ ਗਰੁੱਪ ਵੱਲੋਂ ਡਾ. ਕੁਲਦੀਪ ਧੀਰ ਅਤੇ ਉਨ੍ਹਾਂ ਦੀ ਟੀਮ ਵੱਲੋਂ ਵੀ ਇਸ ਮੈਰਾਥਨ ਵਿੱਚ ਹਿੱਸਾ ਲਿਆ ਗਿਆ।

ਮੈਰਾਥਨ ਖਤਮ ਹੋਣ ਉਪਰੰਤ ਬਾਬਾ ਮਿਲਕ ਕੋਟਕਪੂਰਾ ਵੱਲੋਂ ਭਾਗ ਲੈਣ ਵਾਲੇ ਉਮੀਦਵਾਰਾਂ ਲਈ ਰਿਫਰੈਸ਼ਮੈਂਟ ਵੀ ਵੰਡੀ ਗਈ। ਅੰਤ ਵਿੱਚ ਸ੍ਰੀ ਜੈਪਾਲ ਸ਼ਰਮਾ ਅਤੇ ਸ੍ਰੀ ਵਰਿੰਦਰ ਅਰੋੜਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਐਸਐਮਓ ਡਾ. ਅਵਤਾਰਜੀਤ ਸਿੰਘ, ਡਾ. ਪੰਕਜ ਬੰਸਲ, ਡਾ. ਗੁਰਪ੍ਰੀਤ ਸਿੰਘ,ਡਾ. ਮਨਵੀਰ ਗੁਪਤਾ, ਸੰਦੀਪ ਕਟਾਰੀਆ, ਵਰਿੰਦਰ ਅਰੋੜਾ,ਰਮਨ ਮਨਚੰਦਾ, ਵੇਦ ਅਰੋੜਾ, ਵੱਖ ਵੱਖ ਐਨਜੀਓ ਦੇ ਨੁਮਾਇੰਦੇ ਅਤੇ ਸਿਵਲ ਹਸਪਤਾਲ ਕੋਟਕਪੂਰਾ ਦਾ ਸਟਾਫ ਹਾਜ਼ਰ ਸਨ।

## ਨਿਊਜ਼-18 ਚੈਨਲ ਤੇ ਸ਼ਮਸ਼ੇਰ ਸਿੰਘ ਸੰਧੂ ਦੀ ਮੁਲਾਕਾਤ ਉਪਰੰਤ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਇਸ ਵੇਲੇ ਪੰਜਾਬੀ ਟੈਲੀਕਾਸਟਿੰਗ ਖੇਤਰ ਵਿੱਚ ਮਹੱਤਵ ਪੂਰਨ ਚੈਨਲ ਨਿਊਜ਼ -18 ਤੇ ਮੇਰੇ 1971 ਵੇਲੇ ਦੇ ਮਿੱਤਰ ਸ਼ਮਸ਼ੇਰ ਸਿੰਘ ਸੰਧੂ ਦੀ ਮੁਲਾਕਾਤ ਪੇਸ਼ ਹੋ ਰਹੀ ਸੀ।

ਸਾਡੀ ਦੋਸਤੀ ਉਦੋਂ ਦੀ ਹੈ ਜਦੋਂ ਹਾਲੇ ਘੁਮਾਰ ਮੰਡੀ ਲੁਧਿਆਣਾ ਵਿੱਚ ਘਣਛਾਵੀਆ ਟਾਹਲੀਆਂ ਦੀ ਪੁਰਾਣੀਆਂ ਕਚਹਿਰੀਆਂ ਤੀਕ ਲੰਮੀ ਕਤਾਰ ਦੋਹੀਂ ਪਾਸੀਂ ਹੁੰਦੀ ਸੀ।

ਸ਼ਮਸ਼ੇਰ ਸਿੰਘ ਸੰਧੂ ਕੋਲ ਗੱਲ ਕਰਨ ਤੇ ਸੁਣਾਉਣ ਦਾ ਬੇਹੱਦ ਵਧੀਆ ਸਲੀਕਾ ਹੈ। ਮੈਂ ਤਾਂ ਕੀਹ, ਵੱਡੇ ਵੱਡੇ ਗੱਲ- ਕਾਰ ਵੀ ਉਹਦੇ ਸਾਹਮਣੇ ਫਿੱਕੇ ਨੇ। ਨਿੱਕੀ ਤੋਂ ਨਿੱਕੀ ਗੱਲ ਦੇ ਬਾਰੀਕ ਵੇਰਵੇ ਚੇਤੇ ਰੱਖਣੇ, ਸਰੋਤੇ ਦੀ ਲੋੜ ਮੁਤਾਬਕ ਪਰੋਸਣੇ ਉਸ ਤੋਂ ਮੈਂ ਵੀ ਨਹੀਂ ਸਿੱਖ ਸਕਿਆ ਭਾਵੇਂ ਦੋਸਤੀ ਦੀ ਉਮਰ ਪਚਵੰਜਾ ਸਾਲ ਹੋ ਗਈ ਹੈ।

ਅੱਜ ਸਾਰੇ ਮੁੱਖ ਚੈਨਲ ਉਸ ਨੂੰ ਲਗਾਤਾਰ ਉਡੀਕਦੇ ਹਨ। ਸੰਗੀਤ ਦੇ ਲੋਕ ਰੰਗ ਦਾ ਅੱਧੀ ਸਦੀ ਤੋਂ ਚਸ਼ਮਦੀਦ ਗਵਾਹ।

ਜੀ ਜੀ ਐੱਨ ਖ਼ਾਲਸਾ ਕਾਲਿਜ ਵਿੱਚ ਸਾਡੇ ਅਧਿਆਪਕ ਰਹੇ ਪਰ ਹੁਣ ਵੀ ਮਾਰਗ ਦਰਸ਼ਕ ਡਾ. ਸ ਪ ਸਿੰਘ ਸਾਬਕਾ ਵੀ ਸੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਕਸਰ ਮੈਨੂੰ ਮਿਹਣਾ ਦਿੰਦੇ ਨੇ ਕਿ ਤੂੰ ਹੀ ਸ਼ਮਸ਼ੇਰ ਦਾ ਨਾਮ ਜਾਪ ਕਰਦੈ, ਉਸ ਨੇ ਤਾ ਕਦੇ ਤੇਰਾ ਜ਼ਿਕਰ ਨਹੀਂ ਕੀਤਾ।

ਮੇਰੇ ਕੋਲ ਇਸ ਦਾ ਕੋਈ ਜਵਾਬ ਨਹੀਂ ਕਿਉਂਕਿ ਉਸ ਦੇ ਜ਼ਿਕਰ ਵਿੱਚ ਹੀ ਅਸੀਂ ਸਾਰੇ ਆ ਜਾਂਦੇ ਹਾਂ, ਸ਼ਿਕਵਾ ਕਾਹਦਾ। ਮੈਨੂੰ ਤਾ ਆਪ ਹੀ ਦੱਸਣਾ ਪੈਣਾ ਹੈ ਕਿ ਸ਼ਮਸ਼ੇਰ ਸਾਡਾ ਮਾਣ ਹੈ।

ਉਸ ਨਾਲ ਮੁਲਾਕਾਤ ਮੇਰੀ ਭਤੀਜੀ ਮੀਸ਼ਾ ਬਾਜਵਾ ਕਰ ਰਹੀ ਸੀ। ਮੀਸ਼ਾ ਟੈਲੀਕਾਸਟਿੰਗ ਜਗਤ ਦਾ ਵੱਡਾ ਨਾਮ ਹੈ। ਮੇਰੇ ਵਿਚਕਾਰਲੇ ਭੂਆ ਜੀ ਹਰਨਾਮ ਕੌਰ ਦੀ ਪੋਤਰੀ। ਪ੍ਰਿੰਸੀਪਸ ਬਲਕਾਰ ਸਿੰਘ ਬਾਜਵਾ ਦੀ ਭਤੀਜੀ। ਵੱਡੇ ਬਾਸਕਟਬਾਲ ਖਿਡਾਰੀ ਕੰਵਲਜੀਤ ਬਾਜਵਾ ਤੇ ਦੇਸ਼ ਦੀ ਉੱਘੀ ਐਥਲੀਟ ਰਾਜ ਬਾਜਵਾ ਦੀ ਵੱਡੀ ਧੀ। ਮੈਨੂੰ ਮਾਣ ਹੈ ਕਿ ਸਾਡੀਆਂ ਧੀਆਂ ਵੀ ਪੁੱਤਰਾਂ ਵਾਂਗ ਵਿਕਾਸ ਮਾਰਗ ਦੀਆਂ ਪਾਂਧੀ ਹਨ।

ਇਸ ਮੁਲਾਕਾਤ ਵਿੱਚ ਸ਼ਮਸ਼ੇਰ ਇੱਕ ਗੀਤ ਦਾ ਜ਼ਿਕਰ ਕਰਦਾ ਹੈ। ਇਹ ਗੀਤ ਇਨਕਲਾਬੀ ਕਵੀ ਤੇ ਵਰਤਮਾਨ ਸਮੇਂ ਦੇ ਪ੍ਰਮੁੱਖ ਢਾਡੀ ਤੇ ਭਾਸ਼ਾ ਵਿਭਾਗ ਪੰਜਾਬ ਦਾ ਐਲਾਨ ਸ਼ੁਦਾ ਸ਼੍ਰੋਮਣੀ ਢਾਡੀ ਪੁਰਸਕਾਰ ਵਿਜੇਤਾ ਸ. ਮੁਖਤਿਆਰ ਸਿੰਘ ਜ਼ਫ਼ਰ (ਕਵੀਸ਼ਰ ਰਣਜੀਤ ਸਿੰਘ ਸਿੱਧਵਾਂ ਦਾ ਸ਼ਾਗਿਰਦ)ਪਿੰਡ ਮੱਲੋ ਕੇ(ਜ਼ੀਰਾ) ਨੇ ਕਦੇ ਲਿਖਿਆ ਸੀ। ਧੁੰਦਲਾ ਜਿਹਾ ਯਾਦ ਹੈ ਕਿ ਇਹ ਗੀਤ ਅਸਾਂ ਕਿਸੇ ਕ੍ਰਾਂਤੀਕਾਰੀ ਮੈਗਜ਼ੀਨ ਵਿੱਚੋਂ ਲਿਆ ਸੀ।

ਸ਼ਮਸ਼ੇਰ ਇਸ ਗੀਤ ਨੂੰ ਪਿਛਲੇ ਪੰਜਾਹ ਸਾਲਾਂ ਤੋਂ ਲਗਾਤਾਰ ਗਾ ਰਿਹਾ ਹੈ। ਇਸ ਗੀਤ ਨੂੰ ਕਦੇ ਕਿਸੇ ਗਾਇਕ ਨੇ ਰੀਕਾਰਡ ਨਹੀਂ ਕੀਤਾ।

ਹੁਣ ਜਰਗ ਵਾਲੇ ਮੰਢੇਰ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਤੂੰਬੇ ਅਲਗੋਜ਼ੇ ਦੇ ਤਾਲ ਤੇ ਇਸ ਨੂੰ ਸੱਥਾਂ ਵਿੱਚ ਲੈ ਕੇ ਜਾਉ। ਇਹ ਸਰਬ ਸਮਿਆਂ ਦਾ ਗੀਤ ਹੈ। ਸਮੇਂ ਦੀ ਸੀਮਾ ਤੋਂ ਪਾਰ।

ਸ਼ਮਸ਼ੇਰ ਨੂੰ ਸਨਮਾਨ ਦੀ ਮੁਬਾਰਕ ਦੇਂਦਿਆ ਮੈਂ ਖ਼ੁਦ ਨੂੰ ਵੀ ਸਨਮਾਨਿਤ ਹੋਇਆਂ ਮਹਿਸੂਸ ਕਰਦਾ ਹਾਂ।

ਮੁਖਤਿਆਰ ਸਿੰਘ ਜ਼ਫ਼ਰ ਬਾਰੇ ਕੁਝ ਲੱਗਦੇ ਹੱਥ ਦੱਸ ਦਿਆਂ।

ਪਿੰਡ ਮੱਲੋ ਕੇ ( ਨੇੜੇ ਜ਼ੀਰਾ) ਜ਼ਿਲ੍ਹਾ ਫੀਰੋਜ਼ਪੁਰ ਚ ਜਨਮਿਆ ਤੇ ਜ਼ੀਰਾ ਵਿੱਚ ਗੁਰਦਵਾਰੇ ਨੇੜੇ ਵੱਸਦਾ ਕਵੀ ਤੇ ਕਵੀਸ਼ਰ ਹੈ ਮੁਖਤਿਆਰ ਸਿੰਘ ਜ਼ਫ਼ਰ । 15 ਅਗਸਤ 1947 ਨੂੰ ਜਨਮਿਆ ਨਾਨਕੇ ਪਿੰਡ ਨਾਥੇ ਵਾਲਾ ਤਹਿਸੀਲ ਬਾਘਾ ਪੁਰਾਣਾ(ਮੋਗਾ) ਵਿੱਚ ਪਿਤਾ ਜੀ ਸ. ਮੇਲਾ ਸਿੰਘ ਗਿੱਲ ਦੇ ਘਰ ਮਾਤਾ ਜੀ ਮਹਿੰਦਰ ਕੌਰ ਦੀ ਕੁਖੋਂ। ਸ਼ਾਇਰੀ ਚ ਉਸਤਾਦ ਸ਼੍ਰੋਮਣੀ ਕਵੀਸ਼ਰ ਸ: ਕਰਨੈਲ ਸਿੰਘ ਪਾਰਸ ਰਾਮੂੰਵਾਲੀਆ ਤੇ ਸ. ਰਣਜੀਤ ਸਿੰਘ ਸਿੱਧਵਾਂ ਸਨ ।

ਪ੍ਰਕਾਸ਼ਤ ਪੁਸਤਕਾਂ ਹਨ : ਸ਼ਹੀਦ ਭਗਤ ਸਿੰਘ,ਗਦਰੀ ਬਾਬਾ ਗਾਂਧਾ ਸਿੰਘ ਕੱਚਰਭੰਨ ,ਗਾਡੀਰਾਹ(ਚਿੱਤੂ ਤੇ ਮਿੱਤੂ ਲੋਕ ਗਾਥਾ)ਦੋ ਉਜਾੜੇ (1947 ਤੇ 1984), ਗਰੀਬ ਨਿਵਾਜ਼ ਗੁਰੂ ਗੋਬਿੰਦ ਸਿੰਘ,ਆਜ਼ਾਦੀ ਦੇ ਪਰਵਾਨੇ ਤੇ ਬੋਲ ਖੇਤਾਂ ਦੇ(ਪੰਜਾਬ ਸੰਗੀਤ ਨਾਟਕ ਅਕਾਡਮੀ ਵੱਲੋਂ ਪ੍ਰਕਾਸ਼ਿਤ) ਅਪ੍ਰਕਾਸ਼ਿਤ ਛਪਣ ਯੋਗ ਖਰੜੇ ਹਨ ; ਸੱਚ ਦਾ ਸੂਰਜ : ਗੁਰੂ ਨਾਨਕ, ਮਨੁੱਖਤਾ ਦੇ ਰਹਿਬਰ (ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਸਾਹਿਬ ਤੀਕ) ਕਾਫ਼ਲਾ ਮੁਰੀਦਾਂ ਦਾ (ਭਾਈ ਤਾਰੂ ਸਿੰਘ, ਬਾਬਾ ਬੰਦਾ ਸਿੰਘ ਬਹਾਦਰ,ਮੀਰ ਮੰਨੂੰ ਦੀ ਜੇਲ੍ਹ)ਮਹਾਨ ਸੋਚ( ਭਗਤ ਕਬੀਰ, ਰਵੀਦਾਸ ਤੇ ਨਾਮਦੇਵ ਜੀ) ਜ਼ਿੰਦਗੀ ਦੇ ਗੀਤ ( ਚੋਣਵੀਂ ਕਵਿਤਾ) ਪੂਰਨ ਭਗਤ,ਕੌਲਾਂ ਭਗਤਣੀ,ਬਾਬਾ ਆਦਮ ਜੀ,ਦੋਖੀ ਸੰਤਾਂ ਦੇ ਹਨ। ਰੀਕਾਰਡਡ ਰਚਨਾਵਾਂ ਹਨ; ਰੂਹ ਪੰਜਾਬ ਦੀ (ਕਵੀਸ਼ਰੀ) ਕਲਿਆਣਾਂ ਦੇ ਯੋਧੇ (ਕਵੀਸ਼ਰੀ) ਮਰਦ ਕਾ ਚੇਲਾ : ਬਾਬਾ ਬੰਦਾ ਸਿੰਘ ਬਹਾਦਰ(ਕਵੀਸ਼ਰੀ) ਢਾਡੀ ਰਾਗ ਵਿੱਚ ਸਿੱਖੀ ਸਿਦਕ ਦਾ ਡੇਰਾ,ਗਦਰੀ ਬਾਬੇ (ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵੱਲੋਂ ਪੇਸ਼) ਧਰਮੀ ਮਾਂ ਪਾਪੀ ਪੁੱਤ ਤੋਂ ਇਲਾਵਾ ਜਲੰਧਰ ਦੂਰਦਰਸ਼ਨ ਤੇ ਆਕਾਸ਼ਵਾਣੀ ਜਲੰਧਰ ਤੋਂ ਅਨੇਕਾਂ ਯਾਦਗਾਰੀ ਪੇਸ਼ਕਾਰੀਆਂ ਕੀਤੀਆਂ ਹਨ।

ਜਿਸ ਗੀਤ ਦਾ ਜ਼ਿਕਰ ਸ਼ਮਸ਼ੇ ਨੇ ਕੀਤਾ ਉਹ ਗੀਤ ਤੁਹਾਡੇ ਸਨਮੁੱਖ ਪੇਸ਼ ਹੈ।

ਗੀਤ

ਮੰਡੀ ਵਿੱਚੋਂ ਆ ਕੇ ਬਾਪੂ ਮੰਜੀ ਉੱਤੇ ਪੈ ਗਿਓਂ ਵੇ ਮੂੰਹ ਦੇ ਉੱਤੇ ਗ਼ਮ ਦੇ ਨੇ ਸਾਏ।
ਵੇ ਬਾਬਲਾ ਗ਼ਮ ਜਿਵੇਂ ਕਣਕੋਂ ਵਟਾਏ।

ਜਾਪਦਾ ਹਿਸਾਬ ਤੇਰਾ ਤੇਲ ਅਤੇ ਖਾਦ ਦਾ ਵੇ ਪੂਰਾ ਨਹੀਂ ਕਣਕ ਵਿੱਚੋਂ ਹੋਇਆ।
ਹਾਉਕਾ ਤੇਰੇ ਬੁੱਲ੍ਹਾਂ ਉੱਤੇ ਆਇਆ ਅੱਖੀਂ ਵੇਖਿਆ ਮੈਂ, ਵੇਖ ਮੈਨੂੰ ਕਾਸਤੋਂ ਲੁਕੋਇਆ।
ਮੇਰੇ ਬਾਬਲਾ ਮੈਂ, ਤੇਰੇ ਮਨ ਦੀਆਂ ਜਾਣਦੀ ਹਾਂ, ਕਾਹਤੋਂ ਰੰਗ ਜਾਏ ਇੱਕ ਆਏ।

ਆਸਾਂ ਲਾ ਕੇ ਤਨ ਤਾਈਂ ਪੋਹ ਮਾਘ ਕੱਕਰਾਂ 'ਚ ਕਣਕ ਨੂੰ ਪਾਣੀ ਲਾਉਂਦੇ ਠਾਰਿਆ।
ਆਖਦਾ ਸੀ ਧੀਏ ਲੈ ਕੇ ਐਤਕੀਂ ਵਿਛਾਈ ਦੇਊਂ, ਰੀਝ ਪੂਰੀ ਹੋਈ ਨਾ ਵਿਚਾਰਿਆ।
ਖ਼ਸਮਾਂ ਨੂੰ ਖਾਏ ਮੇਰੀ ਬਾਬਲਾ ਵਿਛਾਈ ਪਰ ਤੇਰਾ ਵੀ ਕਿਉਂ ਮੂੰਹ ਕੁਮਲਾਏ।

ਜਾਪਦਾ ਦਿਮਾਗ ਵਿੱਚ ਲਿਮਟਾਂ ਤੇ ਕੱਪੜੇ ਦੇ ਹੋਰ ਨਿੱਕੇ ਮੋਟੇ ਘੁੰਮਦੇ ਉਧਾਰ।
ਸੀਨੇ 'ਚ ਅਲੇਹ ਦੇ ਕੰਡੇ ਵਾਂਗੂੰ ਚੁਭੀ ਤੇਰੇ ਬਾਪੂ, ਪਿੱਛੋਂ ਪਈ ਸੀ ਆਵਾਜ਼ ਜੋ ਬਾਜ਼ਾਰ।
ਔਖਾ ਸੌਖਾ ਪਾਣੀ ਵਾਂਗੂੰ ਪੀ ਗਿਆ ਤੂੰ ਘੁੱਟੋਬਾਟੀ, ਬੋਲ ਤੱਤੇ ਠੰਢੇ ਸੇਠ ਨੇ ਸੁਣਾਏ।

ਪੁੱਤ ਜਿਵੇਂ ਧਨੀਆਂ ਦਾ ਪੈਸੇ ਦੇ ਗੁਮਾਨ ਵਿੱਚ, ਲੁੱਟ ਲੈਂਦਾ ਇੱਜਤਾਂ ਕੁਆਰੀਆਂ।
ਓਵੇਂ ਤੇਰੀ ਸੋਨੇ ਜਹੀ ਕਣਕ ਬਾਪੂ ਮੰਡੀ ਵਿੱਚ, ਰਲ਼ ਲੁੱਟੀ ਸੇਠਾਂ ਸਰਕਾਰੀਆਂ।
ਤੇਰੇ ਖੇਤੀਂ ਜੰਮੀ ਵੇ ਕਣਕ ਬਾਪੂ ਭੈਣ ਮੇਰੀ, ਕੌਣ ਸਾਡੀ ਇੱਜ਼ਤ ਬਚਾਏ।
ਵੇ ਬਾਬਲਾ ਗ਼ਮ ਜਿਵੇਂ ਕਣਕੋਂ ਵਟਾਏ।

## ਸੁਣ ਨੀ ਕਲਮੇਂ ਮੇਰੀਏ

ਸੁਣ ਨੀ ਕਲਮੇਂ ਮੇਰੀਏ
ਤੂੰ ਕਿਉਂ ਹੁਣ ਲਿਖਣਾ ਛੱਡ ਤਾ
ਤੇਰੀ ਕਲਮ ਕਿਉਂ ਰੁੱਕ ਗਈ ਹੈ ਹੁਣ
ਕੀ ਤੇਰੇ ਕੋਲ ਸ਼ਬਦ ਨੇ ਮੁੱਕ ਗਏ
ਹੈਰਾਨ ਹੋ ਉਸ ਤੱਕਿਆ ਮੇਰੇ ਵੱਲ
ਲੰਬਾ ਹੌਕਾ ਭਰ ਉਹ ਬੋਲੀ
ਮੈਂ ਤਾਂ ਉਹ ਸੱਭ ਕੁਝ ਲਿਖਿਆ
ਜੋ ਤੂੰ ਕਿਹਾ ਉਹ ਸੱਭ ਮੈਂ ਲਿਖਦੀ
ਤੇਰੇ ਦੁੱਖਾਂ ਨੂੰ , ਤੇਰੇ ਪਿਆਰ ਨੂੰ
ਤੂੰ ਦੋਸਤੀਆਂ ਕਰਦੀ ਉਹ ਮੈਂ ਲਿਖਦੀ
ਤੂੰ ਮੁੱਹਬਤਾਂ ਵੰਡਦੀ ਉਹ ਮੈਂ ਲਿਖਦੀ
ਤੂੰ ਸਰਬੱਤ ਦਾ ਭਲਾ ਮੰਗਦੀ ਮੈਂ ਲਿਖਦੀ
ਰੱਬ ਨਾਲ ਗੱਲਾਂ ਕਰਦੀ ਮੈਂ ਲਿੱਖਦੀ
ਇਨਸਾਨੀ ਬਘਿਆੜਾਂ ਦੇ ਜ਼ੁਲਮ ਸਹਿੰਦੀ
ਤਨਿਹਾਈਆਂ ਨਾਲ ਗੱਲਾਂ ਕਰਦੀ
ਆਪਣੇ ਦੁੱਖ ਸਾਂਝੇ ਕਰਦੀ
ਤੂੰ ਭੁੱਬੀ ਰੋਂਦੀ ਮੈਂ ਸੱਭ ਲਿਖ ਦਿੰਦੀ
ਦਰਦਾਂ ਦੀ ਗੱਠੜੀ ਪੱਲੇ ਬੰਨ
ਅੱਖਾਂ ਵਿੱਚ ਦਰਦ ਤੇ ਹੰਝੂ ਛੁਪਾ
ਸੱਭ ਨੂੰ ਖ਼ੁਸ਼ ਰੱਖਦੀ ਮੈਂ ਲਿਖ ਦਿੰਦੀ
ਸੱਭ ਦੇ ਕੰਮ ਹੱਸ ਹੱਸ ਕਰਦੀ
ਕਦੇ ਤੂੰ ਨਾ ਕਹਿਣਾ ਸਿਖਿਆ ਨਹੀਂ
ਦੂਸਰਿਆਂ ਦੇ ਦੁੱਖ ਵਿੱਚ ਦੁਖੀ ਹੁੰਦੀ
ਹੱਸ ਹੱਸ ਸੱਭ ਤੂੰ ਸਹਿੰਦੀ ਰਹੀ
ਤੂੰ ਰੋਂਦੀ ਰਹੀ ਮੈਂ ਲਿੱਖਦੀ ਰਹੀ
ਤੂੰ ਸੱਭ ਨੂੰ ਆਪਣਾ ਬਣਾਉਂਦੀ ਰਹੀ
ਪਰ ਕੋਈ ਨਾ ਬਣਿਆ ਤੇਰਾ
ਮੈਥੋਂ ਨਹੀਂ ਹੁਣ ਜਰਿਆ ਜਾਂਦਾ
ਬੱਸ ਕਰ ਹੁਣ ਤੂੰ ਬੱਸ ਕਰ ਬੀਬਾ
ਆਪਣਾ ਤੇ ਕੁਝ ਖਿਆਲ ਕਰ
ਕਿਸੇ ਨਾ ਸਮਝਿਆ ਤੇਰੇ ਦੁੱਖ ਨੂੰ
ਕਿਸੇ ਕਦਰ ਨਾ ਪਾਈ ਤੇਰੀ
ਨਾ ਤੇਰੀ ਚਾਹਤ ਦੀ
ਨਾ ਤੇਰੀਆਂ ਲਿਖਤਾਂ ਦੀ
ਨਾ ਤੇਰੇ ਪਿਆਰ ਦੀ
ਨਾ ਤੇਰੀ ਦੋਸਤੀ ਦੀ
ਨਾ ਤੇਰੀ ਸਿਆਣਪ ਦੀ
ਨਾ ਤੇਰੇ ਮਿੱਠੇ ਬੋਲਾਂ ਦੀ
ਕਲਮ ਮੇਰੀ ਵੀ ਥੱਕ ਗਈ ਹੈ ਹੁਣ
ਕਹਿੰਦੀ ਬੱਸ ਕਰ ਬੀਬਾ ਬਹਿ ਜਾ ਹੁਣ ਤੂੰ
ਜਿੱਥੇ ਕਹਿਣੀ ਕਥਿਨੀ ਵਿੱਚ ਫ਼ਰਕ ਹੋਵੇ
ਜਿੱਥੇ ਲਿੱਖਣਾ ਕੁਝ ਤੇ ਕਰਨਾ ਕੁਝ ਹੋਰ ਹੋਵੇ
ਜਿੱਥੇ ਕਿਰਦਾਰਾਂ ਵਿੱਚ ਫ਼ਰਕ ਹੋਵੇ
ਜੋ ਬਾਹਰੋਂ ਹੋਰ ਤੇ ਅੰਦਰੋਂ ਹੋਰ ਹੋਵੇ
ਮੈਥੋਂ ਨਹੀਂ ਇਹ ਸੱਭ ਲਿਖਿਆ ਜਾਣਾ
ਹੱਸ ਕੇ ਬੋਲੀ ਮੈਂ ਵੀ ਜ਼ਰਾ ਕੁ
ਸੁਣ ਨੀ ਕਲਮੇਂ ਮੇਰੀਏ
ਤੂੰ ਵੀ ਕਹਿਣਾ ਜੋ ਕਹਿ ਲੈ ਹੁਣ
ਜੇ ਮੈਂ ਨਹੀਂ ਅੱਕੀ ਤੇ ਤੂੰ ਕਿਉਂ ਥੱਕੀ
ਮੁੜ ਕੇ ਫੜ ਲੈ ਕਲਮ ਆਪਣੀ
ਮੈਂ ਜੋ ਬੋਲਾਂਗੀ ਤੂੰ ਲਿਖੇਂਗੀ
ਸੱਚ ਹੀ ਕਹਿਣਾ ਸੱਚ ਹੀ ਲਿਖਣਾ
ਨਹੀਂ ਡਰਨਾ ਹੁਣ ਤੂੰ ਕਿਸੇ ਤੋਂ
ਤਨ ਕੇ ਚੱਲਣਾ ਤੂੰ ਵੀ ਸਿੱਖ ਲੈ
ਝਰਨੇ ਵਾਂਗੂ ਤੂੰ ਵੀ ਬਣ ਜਾ
ਮੌਜ ਆਪਣੀ ਦੇ ਵਿੱਚ ਰਹਿਣਾ
ਸਦਾ ਹੀ ਵੱਗਦੇ ਜਾਣਾ
ਸੁਣ ਨੀ ਕਲਮੇਂ ਮੇਰੀਏ
ਫਿਰ ਪਕੜ ਲੈ ਆਪਣੀ ਕਲਮ
ਸੁਣ ਨੀ ਕਲਮੇਂ ਮੇਰੀਏ
ਸੁਣ ਨੀ ਕਲਮੇਂ ਮੇਰੀਏ ।

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

## ਬਾਬਾ ਫ਼ਰੀਦ ਦਾ ਗਿਰਾਈਂ ਜ਼ਹੂਰ ਹੁਸੈਨ ਜ਼ਹੂਰ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਜ਼ਹੂਰ ਹੁਸੈਨ ਜ਼ਹੂਰ ਨਾਲ ਮੇਰੀ ਪਹਿਲੀ ਮੁਲਾਕਾਤ ਹੀ ਅਖੀਰੀ ਹੋ ਗਈ । ਪਹਿਲੀ ਵਾਰ 1997 ਵਿਚ ਪਾਕਿਸਤਾਨ ਜਾਣ ਦਾ ਵਸੀਲਾ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਸੀ । ਇਕ ਸ਼ਰਧਾਲੂ ਵਜੋਂ ਮੈਂ ਤੇ ਮੇਰੀ ਜੀਵਨ-ਸਾਥਣ ਜਸਵਿੰਦਰ ਕੌਰ ਨਵੰਬਰ 1997 ਵਿਚ ਸ਼੍ਰੋਮਣੀ ਕਮੇਟੀ ਵਲੋਂ ਭੇਜੇ ਜਥੇ ਵਿਚ ਨਨਕਾਣਾ ਸਾਹਿਬ ਜਾ ਪਹੁੰਚੇ । ਪਹਿਲੀ ਰਾਤ ਨੂੰ ਹੀ ਯਾਤਰੀਆਂ ਵਿਚ ਘੁਸਰ ਮੁਸਰ ਸੁਣੀ ਕਿ ਕੱਲ੍ਹ ਰਾਤ ਨੂੰ ਗੁਰੂ ਨਾਨਕ ਦੇਵ ਜੀ ਦੀ ਯਾਦ ਨੂੰ ਸਮਰਪਿਤ ਕਵੀ-ਦਰਬਾਰ ਹੈ । ਹਰ ਵਰ੍ਹੇ ਵਾਂਗ ਪਾਕਿਸਤਾਨ ਦੇ ਵੱਖ-ਵੱਖ ਸੂਬਿਆਂ ਅਤੇ ਪੰਜਾਬ ਦੇ ਦੂਰ ਦਰਾਜ਼ ਦੇ ਜ਼ਿਲ੍ਹਿਆਂ ਤੋਂ ਪੰਜਾਬੀ ਕਵੀ ਆ ਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ । ਕਦੇ ਕਦਾਈਂ ਜਥੇ ਵਿਚ ਵੀ ਕੋਈ ਲਿਖਣ ਪੜ੍ਹਨ ਵਾਲਾ ਹੋਵੇ ਤਾਂ ਬੜੇ ਅਦਬ ਨਾਲ ਸੁਣਿਆ ਜਾਂਦਾ ਹੈ । ਮੈਂ ਆਪਣੀ ਜੀਵਨ-ਸਾਥਣ ਜਸਵਿੰਦਰ ਕੌਰ ਨੂੰ ਨਾਲ ਲੈ ਕੇ ਕਵੀ-ਦਰਬਾਰ ਵਾਲੀ ਥਾਂ ਤੇ ਪਹੁੰਚਿਆ । ਜਿਹੜੇ ਚਿਹਰੇ ਮੈਨੂੰ ਕੁਝ ਵਾਕਿਫ਼ ਜਾਪੇ, ਉਨ੍ਹਾਂ ਨੇ ਮੇਰੇ ਨਾਲ ਅੱਖ ਹੀ ਨਾ ਮਿਲਾਈ ਜਿਨ੍ਹਾਂ ਵਿਚ ਪ੍ਰਿੰਸੀਪਲ ਗੁਲਾਮ ਰਸੂਲ ਚੌਧਰੀ ਪ੍ਰਮੁੱਖ ਸੀ ਜੋ ਉਦੋਂ ਗੌਰਮਿੰਟ ਕਾਲਿਜ ਸ਼ੇਖੂਪੁਰਾ ਦਾ ਪ੍ਰਿੰਸੀਪਲ ਸੀ।

ਮੇਰੇ ਵਲੋਂ, ਆਪਣਾ ਨਾਂ ਦੱਸਣ ਤੇ ਪਹਿਲੀ ਵਾਰ ਮਿਲੇ ਸ਼ਾਇਰਾਂ/ਅਦੀਬਾਂ ਪ੍ਰੋ. ਸਾਰਬ ਅਨਸਾਰੀ, ਅਬਦੁਲ ਗਫ਼ੂਰ ਦਰਸ਼ਨ ਅਤੇ ਮੁਬਾਰਕ ਅਲੀ ਕੰਵਲ ਨੇ ਜਿੰਨਾ ਦੁਲਾਰ ਤੇ ਪਿਆਰ ਦਿੱਤਾ ਉਹ ਅੱਜ ਵੀ ਮੈਨੂੰ ਸਰਸ਼ਾਰ ਕਰ ਜਾਂਦੈ । ਏਥੇ ਹੀ ਮੇਰੀ ਮੁਲਾਕਾਤ ਪੰਜਾਬੀ ਜ਼ਬਾਨ ਦੇ ਅਜ਼ੀਮ ਸ਼ਾਇਰ ਜ਼ਹੂਰ ਹੁਸੈਨ ਜ਼ਹੂਰ ਜੀ ਨਾਲ ਹੋਈ । ਇਕ ਨੂਰਾਨੀ ਚਿਹਰਾ, ਜਿਵੇਂ ਮੈਦੇ ਵਿਚ ਸੰਧੂਰ ਗੁੰਨ੍ਹ ਕੇ ਕਿਸੇ ਸਚਿਆਰੀ ਮਾਂ ਨੇ ਘੜਿਆ ਹੋਵੇ । ਉਸ ਤੋਂ ਵੀ ਸੋਹਣੀ ਉਹਦੀ ਬੇਗ਼ਮ ਉਹਦੇ ਅੰਗ ਸੰਗ ਸੀ । ਜ਼ਹੂਰ ਹੁਰਾਂ ਨੂੰ ਮਿਲਣਾ ਮੇਰੇ ਲਈ ਵੱਡਾ ਸੁਭਾਗ ਸੀ ਕਿਉਂਕਿ ਜਿਸ ਦਿਨ ਦਾ ਮੈਂ ਪਾਕਿਸਤਾਨੋਂ ਆਇਆ ਇਹ ਸ਼ਿਅਰ

ਸੋਚਾਂ ਦੀ ਮੱਈਅਤ ਨੂੰ ਚਾ ਕੇ, ਹੁਣ ਮੈਂ ਕਿਹੜੇ ਦਰ ਜਾਵਾਂਗਾ ।
ਜੇ ਬੋਲਾਂ ਤਾਂ ਮਾਰ ਦੇਣਗੇ,
ਨਾ ਬੋਲਾਂ ਤਾਂ ਮਰ ਜਾਵਾਂਗਾ ।

ਪੜ੍ਹਿਆ ਸੀ ਉਸੇ ਦਿਨ ਵੀ ਮੇਰੇ ਮਨ ਵਿਚ ਤੜਪ ਸੀ ਇਸ ਸ਼ਾਇਰ ਨੂੰ ਜ਼ਰੂਰ ਮਿਲਾਂ । ਉਹ ਇੱਕ ਵਾਰ ਦਿੱਲੀ ਵਿਖੇ ਹੋਏ ਇਕ ਮੁਸ਼ਾਇਰੇ ਵਿਚ ਆ ਕੇ ਪਰਤ ਗਿਆ ਸੀ । ਪੰਜਾਬ ਵਿਚ ਹਾਲਾਤ ਚੰਗੇ ਸਨ, ਪੰਜਾਬ ਦਾ ਵੀਜ਼ਾ ਨਾ ਮਿਲਣ ਕਰਕੇ ਉਹ ਦਿੱਲੀਉਂ ਹੀ ਮੁੜ ਗਿਆ । ਪਰ ਜਿਸ ਵੇਲੇ ਮੈਨੂੰ ਇਹ ਪਤਾ ਲੱਗਾ ਕਿ ਮੈਂ ਜ਼ਹੂਰ ਹੁਸੈਨ ਦੇ ਸਨਮੁਖ ਹਾਂ ਤਾਂ ਸੱਚ ਜਾਣਿਉਂ ਮੇਰੇ ਸਾਰੇ ਰੋਮਾਂ ਵਿਚ ਅਜੀਬ ਕੰਬਣੀ ਸੀ । ਸੁਆਦ ਸੁਆਦ, ਇੱਕ ਰੱਜ ਵਰਗਾ ਅਹਿਸਾਸ ! ਅਣਕਿਆਸਿਆ ਲੁਤਫ਼ ! ਹੋਰ ਵੀ ਵੱਡੀ ਗੱਲ ਕਿ ਕਵੀ-ਦਰਬਾਰ ਦੇ ਪ੍ਰਬੰਧਕਾਂ ਨੇ ਮੰਚ ਤੇ ਵੀ ਸਾਨੂੰ ਕੋਲੋ ਕੋਲ ਬਿਠਾ ਦਿੱਤਾ। ਮੈਨੂੰ ਸ਼ਬਦ ਨਹੀਂ ਸਨ ਅਹੁੜ ਰਹੇ । ਗੱਲ ਕਿੱਥੋਂ ਸ਼ੁਰੂ ਕਰਾਂ । ਜ਼ਹੂਰ ਹੁਰਾਂ ਆਪ ਹੀ ਪੁੱਛ ਲਿਆ ਕਿ ਤੁਸੀਂ ਕਿੱਥੋਂ ਆਏ ਓ? ਮੈਂ ਦੱਸਿਆ ਕਿ ਮੇਰੇ ਵੱਡੇ ਵਡੇਰੇ ਏਥੋਂ ਹੀ 1947 ਵਿਚ ਸਿਆਲਕੋਟ ਜ਼ਿਲ੍ਹੇ ਦੀ ਨਾਰੋਵਾਲ ਤਹਿਸੀਲ ਵਿਚੋਂ ਉੱਜੜ ਕੇ ਗਏ ਸਨ । ਰਾਵੀ ਪਾਰ ਸਾਨੂੰ ਤਾਂ ਰੁੱਖ ਵੀ ਨਹੀਂ ਸਨ ਜਾਣਦੇ! ਮੈਂ 1975 ਵਿਚ ਲਿਖੇ ਆਪਣੇ ਗੀਤ ਦੇ ਬੋਲ ਸੁਣਾ ਕੇ ਸਾਂਝ ਵਧਾਈ ।

ਤੇਰੇ ਪਿੰਡ ਵਿਚ ਉੱਗੇ ਰੁੱਖ ਦਾ, ਮੈਂ ਅਦਨਾ ਪਰਛਾਵਾਂ ।
ਸੰਨ ਸੰਤਾਲੀ ਖਾ ਗਿਆ ਜੀਹਦੇ, ਟਾਹਣ ਸਣੇ ਹੀ ਛਾਵਾਂ।

ਉਸਨੇ ਮੈਨੂੰ ਗੱਲਵਕੜੀ ਵਿਚ ਲਿਆ ਤੇ ਰੁਮਾਲ ਨਾਲ ਅੱਖਾਂ ਪੂੰਝੀਆਂ । ਉਸ ਦਾ ਮੇਰੇ ਵਿਚ ਦਿਲਚਸਪੀ ਲੈਣਾ ਮੈਨੂੰ ਚੰਗਾ ਵੀ ਲੱਗਾ ਅਤੇ ਮੇਰੇ ਵਲੋਂ ਵਾਰਤਾਲਾਪ ਕਰਨ ਦਾ ਰਾਹ ਵੀ ਖੁੱਲ੍ਹ ਗਿਆ । ਮੰਚ ਸੰਚਾਲਕ ਪ੍ਰਿੰਸੀਪਲ ਗੁਮਾਲ ਰਸੂਲ ਚੌਧਰੀ ਨੇ ਮੁਸ਼ਾਇਰੇ ਦੀ ਰਸਮੀ ਸ਼ੁਰੂਆਤ ਲਈ ਜਦੋਂ ਲਾਹੌਰ ਡਿਵੀਯਨ ਦੇ ਕਮਿਸ਼ਨਰ ਅਤੇ ਅੰਗਰੇਜ਼ੀ ਕਵੀ ਜਨਾਬ ਅਤਹਾਰ ਤਾਹਿਰ ਸਾਹਿਬ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਦੇ ਸੰਬੋਧਨ ਵਿਚ ਜ਼ਹੂਰ ਹੁਸੈਨ ਜ਼ਹੂਰ ਦਾ ਜ਼ਿਕਰ ਆਇਆ । ਖਾਸ ਕਰਕੇ ਮੁੱਖ ਮਹਿਮਾਨ ਵਲੋਂ ਇਹ ਆਖਣਾ ਕਿ ਮੈਂ ਵੱਡੇ ਭਾਗਾਂ ਵਾਲਾ ਹਾਂ ਜੋ ਉਸ ਮੰਚ ਤੇ ਬੈਠਾਂ ਜਿਥੇ ਜ਼ਹੂਰ ਹੁਸੈਨ ਜ਼ਹੂਰ ਹੁਰੀਂ ਬੈਠੇ ਨੇ । ਵਾਰੀ ਆਉਣ ਤੇ ਉਨ੍ਹਾਂ ਆਪਣੀ ਚਿਰਾਂ ਪੁਰਾਣੀ ਨਜ਼ਮ ਛੇੜੀ ਜੋ ਉਨ੍ਹਾਂ ਨੇ ਕਦੇ ਕੰਵਰ ਮਹਿੰਦਰ ਸਿੰਘ ਬੇਦੀ ਦੇ ਪਾਕਿਸਤਾਨ ਜਾਣ ਮੌਕੇ ਉਨ੍ਹਾਂ ਦੇ ਆਦਰ ਵਿਚ ਹੋਏ ਪਾਕਪਟਨ ਵਾਲੇ ਮੁਸ਼ਾਇਰੇ ਵਿਚ ਪੜ੍ਹਨੀ ਸੀ । ਪਰ ਸੱਦਾ ਨਾ ਮਿਲਣ ਕਰਕੇ ਸੁਣਾ ਨਾ ਸਕੇ । ਕਵਿਤਾ ਲਿਖ ਕੇ ਘੱਲੀ ਤਾਂ ਕਿਤੇ ਬੇਦੀ ਸਾਹਿਬ ਨਾਲ ਮੁਲਾਕਾਤ ਹੋਈ ।

ਜੀਅ ਆਇਆਂ ਨੂੰ ਜੀਅ ਸਰਦਾਰਾ ।
ਤੂੰ ਮੇਰੇ ਪੰਜਾਬ ਦਾ ਪੁੱਤਰ, ਤੂੰ ਮੈਨੂੰ ਮੈਂ ਤੈਨੂੰ ਪਿਆਰਾ ।

ਹੋਰ ਅੱਗੇ ਵਧਿਆ ਤਾਂ ਆਖਣ ਲੱਗਾ

ਦੌਲਤ ਵਿਚ ਦਫ਼ਨਾ ਕੇ ਆਪਣੀ, ਕਲਮ ਨੂੰ ਕਤਲ ਕਰਾ ਨਹੀਂ ਸਕਦਾ।
ਮੈਂ ਅੱਖਰਾਂ ਨੂੰ ਜ਼ਿੰਦਾ ਕਰਨਾ, ਮੈਂ ਸਦੀਆਂ ਤੱਕ ਮਰ ਨਹੀਂ ਸਕਦਾ ।

ਜ਼ਹੂਰ ਹੁਸੈਨ ਜ਼ਹੂਰ ਨੇ ਸਰੋਤਿਆਂ ਦੀ ਫਰਮਾਇਸ਼ ਤੇ ਆਪਣੀ ਉਹ ਨਜ਼ਮ ਵੀ ਇਸ ਮੁਸ਼ਾਇਰੇ ਵਿਚ ਸੁਣਾਈ ਜੋ ਉਨ੍ਹਾਂ ਨੇ ਸੈਂਟਰਲ ਜੇਲ੍ਹ ਸਾਹੀਵਾਲ ਵਿਚ ਕੈਦ ਹੋ ਕੇ ਲਿਖੀ ਸੀ । ਇਹ ਓਹੀ ਕੈਦਖਾਨਾ ਸੀ ਜਿਥੇ ਫ਼ੈਜ਼ ਅਹਿਮਦ ਫ਼ੈਜ਼ ਵਰਗੇ ਬਾਗੀ ਸ਼ਾਇਰ, 'ਪਸੇ ਦੀਵਾਰੇ ਜ਼ਿੰਦਾਂ' ਨਾਂ ਹੇਠ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਬਾਰੇ ਕਿਤਾਬ ਲਿਖਣ ਵਾਲੇ ਪੱਤਰਕਾਰ/ਅਦੀਬ ਅਤੇ ਚੱਟਾਨ ਦੇ ਸੰਪਾਦਕ ਸੋਰਸ਼ ਕਸ਼ਮੀਰੀ ਨੂੰ ਕੈਦ ਕੀਤਾ ਗਿਆ ਸੀ । ਮਗਰੋਂ ਜ਼ੁਲਫ਼ਕਾਰ ਅਲੀ ਭੁੱਟੋ ਵੀ ਫਾਂਸੀ ਲੱਗਣ ਤੋਂ ਪਹਿਲਾ ਏਥੇ ਹੀ ਕੈਦ ਰਿਹਾ । ਬਾਗ਼ੀ ਨਜ਼ਮਾਂ ਲਿਖਣ ਕਰਕੇ ਹੀ ਜ਼ਹੂਰ ਹੁਸੈਨ ਜ਼ਹੂਰ ਨੂੰ ਇਸ 'ਕੈਦ' ਦਾ ਸਨਮਾਨ ਮਿਲਿਆ ਸੀ । ਜ਼ਹੂਰ ਹੁਸੈਨ ਜ਼ਹੂਰ ਜਦੋਂ ਇਹ ਨਜ਼ਮ ਪੜ੍ਹ ਰਹੇ ਸਨ ਤਾਂ ਚਿਹਰਾ ਹੋਰ ਵੀ ਸੁਰਖ਼ ਸੀ । ਸ਼ਬਦ ਅੰਗਿਆਰ ਸਨ, ਦਹਿਕਦੇ ਅੰਗਿਆਰ!

ਮੋਟੇ ਮੋਟੇ ਜੰਦਰੇ ਬੰਦ।
ਸ਼ਾਮੀਂ ਸਾਰੇ ਅੰਦਰ ਬੰਦ।
ਘੰਟੀ ਵੱਜਦੀ ਕੁੰਜੀਆਂ ਫੜਦਾ ।
ਕਾਗਜ਼ ਦਾ ਇਕ
ਸ਼ੇਰ ਆ ਵੜਦਾ ।
ਮਜਬੂਰੀ ਦਾ ਸੀਨਾ ਸੜਦਾ ।
ਬੰਦਾ ਡਿੱਗਦਾ ਢਹਿੰਦਾ ਮਰਦਾ ।
ਉਲਟਾ ਲਾਅ ਇਸ ਚਿੜੀਆ ਘਰ ਦਾ ।
ਬਾਂਦਰ ਬਾਹਰ ਕਲੰਦਰ ਬੰਦ।
ਸ਼ਾਮੀਂ ਸਾਰੇ ਅੰਦਰ ਬੰਦ।

ਸਰਦਾਰ ਜੀ, ਮੈਂ ਦੋਹੜੇ ਵੀ ਲਿਖੇ ਨੇ, ਟੱਪੇ ਵੀ ਤੇ ਲੋਕ ਤਰਜ਼ਾਂ ਵਾਲੇ ਗੀਤ ਵੀ । ਸ਼ਾਇਰੀ ਕਰਨ ਵੇਲੇ ਕਦੇ ਨਹੀਂ ਭੁੱਲਦਾ ਕਿ ਮੇਰੇ ਪੜ੍ਹਨ ਸੁਣਨ ਵਾਲੇ ਲੋਕ ਕਿਹੜੇ ਨੇ? ਉਨ੍ਹਾਂ ਨੂੰ ਮੈਂ ਕੁਨੀਨ ਤਾਂ ਦੇਣੀ ਨਹੀਂ । ਸ਼ਬਦ ਉਨ੍ਹਾਂ ਦੇ, ਦਰਦ ਉਨ੍ਹਾਂ ਦਾ । ਮੁਕਤੀ ਉਨ੍ਹਾਂ ਨੇ ਹਾਸਲ ਖੁਦ ਕਰਨੀ ਹੈ, ਮੈਂ ਤਾਂ ਸਿਰਫ਼ ਸ਼ਬਦ ਗੁੰਨ੍ਹ ਕੇ ਨਜ਼ਮ ਹੀ ਪਕਾਉਣੀ ਏਂ । ਮੈਨੂੰ ਨਿੱਜੀ ਦੁੱਖ ਕਦੇ ਰਸਤਿਓਂ ਨਹੀਂ ਭਟਕਾ ਸਕੇ ਪਰ ਮੇਰੇ ਪੁੱਤਰ ਸ਼ਬੀਰ ਉਲ ਹਸਨਖਾਨੀ ਦੀ ਚਾਕੂ ਮਾਰ ਕੇ ਹਤਿਆਰਿਆਂ ਵੱਲੋਂ ਕੀਤੀ ਹੱਤਿਆ ਨੇ ਮੈਨੂੰ 28 ਫਰਵਰੀ 1990 ਤੋਂ ਮਗਰੋਂ ਕਮਜ਼ੋਰ ਕਰ ਦਿੱਤਾ ਹੈ । ਮੈਂ ਸੋਚਦਾਂ ਸ਼ਾਇਰ ਕਿਸੇ ਦਾ ਕੀ ਵਿਗਾੜਦੇ ਨੇ । ਸ਼ਬਦਾਂ ਦੀਆਂ ਤਿਤਲੀਆਂ ਨੂੰ ਮਾਰ ਕੇ ਕਿਸੇ ਨੂੰ ਕੀ ਮਿਲਿਆ । ਦੂਜਾ ਹਾਰਟ ਅਟੈਕ ਅਜੇ ਕੁਝ ਮਹੀਨੇ ਪਹਿਲਾਂ ਹੀ ਹੋ ਕੇ ਹਟਿਐ! ਮੇਰੀ ਸਮੁੱਚੀ ਸ਼ਾਇਰੀ ਵੀ ਇੱਕ ਜਿਲਦ ਵਿਚ ਛਪ ਰਹੀ ਏ । ਅਗਲੀ ਵਾਰ ਜੇ ਮੈਂ ਤੁਹਾਡੇ ਪੰਜਾਬ ਆਇਆ ਤਾਂ ਲੈ ਕੇ ਆਵਾਂਗਾ । ਜੇ ਤੁਸੀਂ ਫੇਰ ਆਏ ਤਾਂ ਦੱਸ ਦੇਣਾ,
ਮੈਂ ਪਹੁੰਚਾ ਦੇਵਾਂਗਾ ।

ਸਾਡੀ ਮੁਲਾਕਾਤ 13 ਨਵੰਬਰ 1997 ਦੀ ਰਾਤ ਨੂੰ ਹੋਈ ਤੇ ਉਸੇ ਮਹੀਨੇ 30 ਨਵੰਬਰ 1997 ਨੂੰ ਹੀ ਜ਼ਹੂਰ ਹੁਸੈਨ ਜ਼ਹੂਰ ਇਸ ਦੁਨੀਆਂ ਨੂੰ ਅਲਵਿਦਾ ਆਖ ਗਿਆ । ਪੂਰੇ 17 ਦਿਨ ਬਾਅਦ!
ਅਹੁ ਗਏ ਸੱਜਣ ਅਹੁ ਗਏ, ਲੰਘ ਗਏ ਦਰਿਆ ।
ਅਸਾਂ ਰੱਜ ਨਾ ਗੱਲਾਂ ਕੀਤੀਆਂ, ਸਾਡੇ ਮਨੋ ਨਾ ਲੱਥੜਾ ਚਾਅ ।

▪

ਪੇਸ਼ ਹਨ ਤੁਹਾਡੇ ਲਈ ਪਾਕਿਪਟਨ(ਪਾਕਿਸਤਾਨ) ਦੇ ਜੰਮਪਲ ਮਹਾਨ ਇਨਕਲਾਬੀ ਪੰਜਾਬੀ ਕਵੀ ਜ਼ਹੂਰ ਹੁਸੈਨ ਜ਼ਹੂਰ ਦੀ ਨਾਮਵਰ ਕਵਿਤਾ



ਪੰਜਾਬੀ ਮੇਰੀ ਬੋਲੀ ਏ

ਇਸ ਮਿੱਟੀ ਮੈਨੂੰ ਮੂੰਹ ਦਿੱਤਾ ਇਸ ਆਲ੍ਹਣੇ ਮੈਂ ਚੁੰਝ ਖੋਲ੍ਹੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਕੁੱਝ ਬੋਲਣ ਤੇ ਜੇ ਆ ਜਾਵਾਂ ਇਜ਼ਹਾਰਾਂ ਦੇ ਰਾਹ ਫੇਰਾਂ ਮੈਂ
ਸੁਰਕਾਵਾਂ ਸੀਨਾ ਸਿੱਪੀਆਂ ਦਾ ਸੋਚਾਂ ਦੇ ਮੋਤੀ ਕੇਰਾਂ ਮੈਂ
ਆ ਵੇਖੋ ਸੱਜਣੋ ਕੋਲ਼ ਮੇਰੇ ਹਰਫ਼ਾਂ ਦੀ ਭਰੀ ਭੜੋਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਇਸ ਪਿਆਰ ਪਰੁੱਪੇ ਪਿੰਡੇ ਨੇ ਪੰਜਾਂ ਦਾ ਪਾਣੀ ਪaੀਤਾ ਏ
ਤਾਹੀਓਂ ਤਾਂ ਮੇਰੇ ਇਸ਼ਕੇ ਨੇਂ ਯਾਰੀ ਨੂੰ ਜ਼ਿੰਦਾ ਕੀਤਾ ਏ
ਜਿਥੇ ਵੀ ਹੁਕਮ ਹਜ਼ੂਰ ਹੋਇਆ ਪਾਣੀ ਦੀ ਥਾਂ ਰੱਤ ਡੋਲ੍ਹੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਕਿਰਦਾਰ ਕਹਾਣੀ ਕੀਹ ਦਸਾਂ ਇਕ ਮਾਤਾ ਦੇ ਮਤਵਾਲੇ ਦੀ
ਇਹ ਭਗਤ ਸਿੰਘ ਦੀ ਭੂਮੀ ਏ ਸਹੁੰ ਮੈਨੂੰ ਜਲ੍ਹਿਆਂਵਾਲੇ ਦੀ
ਮੈਂ ਅਣਖ਼ਾਂ ਇੱਜ਼ਤਾਂ ਦੀ ਤਕੜੀ ਸੂਲ਼ੀ ਦੇ ਸਾਂਵੇਂ ਤੋਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਰੰਗ ਭਿੰਨੇ ਇਕ ਇਕ ਫੁੱਲ ਫੁੱਲ ਦੇ ਪਈ ਧਰਤੀ ਆਖੇ ਜੀ ਓਏ ਜੀ
ਪਿੱਪਲਾਂ ਤੇ ਕੋਇਲਾਂ ਕੂ ਕੂ ਕੂ ਪਏ ਗਾਣ ਪਪੀਹੇ ਪੀ ਪੀ ਪੀ
ਇਹ ਗੁਟਕੂੰ ਗੁਟਕੂੰ ਕੂਮਰੀ ਏ ਮੁਟਿਆਰ ਮਲੂਕ ਮਮੂਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਲਾ ਡੀਕਾਂ ਇਥੇ ਅਕਲਾਂ ਨੇ ਇਲਮਾਂ ਦੇ ਸਮੰਦਰ ਪੀਤੇ ਨੇਂ
ਇਹ ਬੁਲ੍ਹੇ ਸ਼ਾਹ ਦੀ ਧਰਤੀ ਏ ਏਸ ਬਾਹੂ/ਨਾਨਕ ਪੈਦਾ ਕੀਤੇ ਨੇਂ
ਇਹ ਟਿੱਲਾ ਬਾਲਾ ਨਾਥਾਂ ਦਾ ਇਹ ਵਾਰਿਸ ਸ਼ਾਹ ਦੀ ਡੋਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਕਾਗ਼ਜ਼ ਤੇ ਚੰਨ ਉਭਾਰੇ ਨੇਂ ਚਾਨਣ ਦਾ ਤੰਬੂ ਤਾਂ ਤਣਿਆ
ਮੈਂ ਐਵੇਂ ਰਾਂਝੇ ਦੀ ਮਿਠੜੀ ਵੰਝਲੀ ਦਾ ਵਾਰਿਸ ਨਈਂ ਬਣਿਆ
ਤਾਰੀਖ਼ਾਂ ਦੇ ਕੱਦ ਨਾਪੇ ਨੇਂ ਸਦੀਆਂ ਦੀ ਕੁੱਖ ਫਰੋਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਇਕਬਾਲ ਦੇ ਅਕਲਾਂ ਤੋਂ ਲੈ ਕੇ ਫ਼ੈਜ਼ ਦੀ ਕਲਮ ਦੇ ਵਾਰਾਂ ਤੱਕ
ਆ ਗਏ ਅਮ੍ਰਿਤਾ ਪ੍ਰੀਤਮ ਜਏ ਇਕ ਕਵੀ ਦੇ ਸੰਘਣੇ ਪਿਆਰਾਂ ਤੱਕ
ਇਹ ਧਰਤੀ ਸਦਾ ਸੁਹਾਗਣ ਏਂ ਅੱਜ ਭਰਵੀਂ ਇਹਦੀ ਝੋਲ਼ੀ ਏ
ਮੈਂ ਦੇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਮੈਂ ਆਪਣੇ ਰੰਗ ਦਾ ਸ਼ਾਇਰ ਆਂ ਕੋਈ ਤਾਂਘ 'ਜ਼ਹੂਰ' ਨਈਂ ਗ਼ੈਰਾਂ ਦੀ
ਬੁੱਤ ਮੇਰੇ ਦੀ ਮਾਲਿਕ ਮਿੱਟੀ ਏ ਮੈਂ ਲੈ ਕੇ ਤੇਰੇ ਪੈਰਾਂ ਦੀ
ਸੋਚਾਂ ਦੇ ਵਰਕੇ ਵਰਕੇ ਤੇ ਅੱਖਰਾਂ ਦੀ ਸ਼ੱਕਰ ਘੋਲ਼ੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ।